## ਪਾਠ-13
## ਧਰਤੀ (ਲੇਖਕ-ਕੁਲਦੀਪ ਸਿੰਘ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. 'ਮੈਂ ਸੂਰਜ ਤੋਂ ਪੈਦਾ ਹੋਈ' ਇਸ ਸਤਰ ਤੋਂ ਕੀ ਭਾਵ ਹੈ?**
ਉੱਤਰ : ਧਰਤੀ ਸੂਰਜ ਨਾਲੋਂ ਟੁੱਟਿਆ ਇਕ ਹਿੱਸਾ ਹੈ।


**ਪ੍ਰਸ਼ਨ ਅ. ਧਰਤੀ ਉੱਤੇ ਕਿਹੜੀਆਂ-ਕਿਹੜੀਆਂ ਰੁੱਤਾਂ ਆਉਂਦੀਆਂ ਹਨ?**
ਉੱਤਰ : ਗਰਮੀ, ਸਿਆਲ, ਬਸੰਤ ਤੇ ਬਰਸਾਤ।

**ਪ੍ਰਸ਼ਨ ੲ. ਪਹਿਲਾਂ ਧਰਤੀ ਕਿਹੋ ਜਿਹੀ ਸੀ?**
ਉੱਤਰ : ਧਰਤੀ ਪਹਿਲਾਂ ਭਖਦੀਆਂ ਗੈਸਾਂ ਦਾ ਗੋਲਾ ਸੀ।

**ਪ੍ਰਸ਼ਨ ਸ. ਧਰਤੀ ਸੂਰਜ ਦੁਆਲੇ ਘੁੰਮਣ ਕਾਰਨ ਧਰਤੀ ਉੱਤੇ ਕੀ ਪ੍ਰਭਾਵ ਪੈਂਦਾ ਹੈ?**
ਉੱਤਰ : ਸੂਰਜ ਦੁਆਲੇ ਘੁੰਮਣ ਨਾਲ ਧਰਤੀ ਉੱਤੇ ਰੁੱਤਾਂ ਬਣਦੀਆਂ ਹਨ।

**ਪ੍ਰਸ਼ਨ ਹ. ਧਰਤੀ ਦਾ ਆਕਾਰ ਤੇ ਵਾਤਾਵਰਨ ਕਿਹੋ ਜਿਹਾ ਹੈ?**
ਉੱਤਰ : ਧਰਤੀ ਉੱਤੇ ਇਕ ਹਿੱਸਾ ਥਲ ਤੇ ਤਿੰਨ ਹਿੱਸੇ ਪਾਣੀ ਹੈ। ਇਸ ਦੇ ਦੁਆਲੇ ਹਵਾ ਦਾ ਗਿਲਾਫ਼ ਹੈ, ਜਿਸ ਵਿਚ ਬਹੁਤ ਸਾਰੀਆਂ ਗੈਸਾਂ ਹਨ।

### 2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :



**ੳ. ਲਾਟੂ ਵਾਂਗੂੰ ਧੁਰੀ ਦੁਆਲੇ,**
**ਰਹਾਂ ਘੁੰਮਦੀ ਆਪਣੀ ਚਾਲੇ।**
**ਘੁੰਮਣ ਕਾਰਨ ਦਿਨ ਤੇ ਰਾਤ,**
**ਵਾਰੋ-ਵਾਰੀ ਮਾਰਨ ਝਾਤ।**

**ਵਿਆਖਿਆ –** ਧਰਤੀ ਕਹਿੰਦੀ ਹੈ ਕਿ ਮੈਂ ਲਾਟੂ ਵਾਂਗ ਆਪਣੀ ਧੁਰੀ ਦੁਆਲੇ ਆਪਣੀ ਬੱਝੀ ਚਾਲ ਵਿਚ ਘੁੰਮਦੀ ਰਹਿੰਦੀ ਹਾਂ। ਮੇਰੇ ਘੁੰਮਣ ਨਾਲ ਹੀ ਵਾਰੋ-ਵਾਰੀ ਦਿਨ ਤੇ ਰਾਤ ਬਣਦੇ ਹਨ ।




**ਅ. ਇਹ ਹੈ ਮੇਰੀ ਕਥਾ-ਕਹਾਣੀ,**
**ਸੂਰਜ ਦੀ ਬੇਟੀ-ਰਾਣੀ।**
**ਆਖਣ ਲੋਕੀਂ ਧਰਤੀ-ਮਾਂ,**
**ਮੈਂ ਤਾਂ ਰੈਣ-ਬਸੇਰਾ ਹਾਂ।**

**ਵਿਆਖਿਆ –** ਧਰਤੀ ਕਹਿੰਦੀ ਹੈ ਕਿ ਮੇਰੀ ਸੰਪੂਰਨ ਕਹਾਣੀ ਇਹ ਹੈ ਕਿ ਮੈਂ ਸੂਰਜ ਦੀ ਪਿਆਰੀ ਧੀ ਹਾਂ। ਲੋਕ ਮੈਨੂੰ ਧਰਤੀ ਮਾਂ ਆਖਦੇ ਹਨ, ਪਰ ਮੈਂ ਉਨ੍ਹਾਂ ਦੀ ਥੋੜ੍ਹੇ ਚਿਰ ਲਈ ਰਹਿਣ ਦੀ ਥਾਂ ਹਾਂ ।

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਰੈਣ-ਬਸੇਰਾ | : | ਉਹ ਥਾਂ ਜਿੱਥੇ ਮੁਸਾਫ਼ਰ ਰਾਤ ਕੱਟਦੇ ਹਨ |
| ਅਜਬ | : | ਹੈਰਾਨ ਕਰਨ ਵਾਲਾ, ਅਨੋਖਾ |
| ਵਾਯੂ | : | ਹਵਾ |
| ਧੁਰੀ | : | ਅਰੰਭ, ਮੁੱਢ |
| ਕਾਇਦਾ | : | ਢੰਗ, ਨੇਮ, ਅਸੂਲ, ਰੀਤ, ਦਸਤੂਰ |

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ (ਪੰਜਾਬੀ ਮਾਸਟਰ) 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

## 4. ਵਾਕਾਂ ਵਿੱਚ ਵਰਤੋਂ :

1. **ਬੇਟੀ (ਧੀ)–** ਧਰਤੀ ਸੂਰਜ ਦੀ ਬੇਟੀ ਹੈ।
2. **ਥਲ (ਜ਼ਮੀਨ)–** ਭਾਰੀ ਮੀਂਹ ਪੈਣ ਨਾਲ ਧਰਤੀ ਉੱਤੇ ਜਲ-ਥਲ ਇੱਕ ਹੋ ਗਏ।
3. **ਰੈਣ-ਬਸੇਰਾ (ਰਾਤ ਰਹਿਣ ਦੀ ਥਾਂ)–** ਸਾਡੇ ਸ਼ਹਿਰ ਵਿਚ ਇੱਕ ਰੈਣ-ਬਸੇਰਾ ਹੈ।
4. **ਹੋਂਦ (ਬਣਨਾ)–** ਧਰਤੀ ਉੱਤੇ ਮਨੁੱਖ ਕਰੋੜਾਂ ਸਾਲ ਪਹਿਲਾਂ ਹੋਂਦ ਵਿਚ ਆਇਆ।
5. **ਅਜਬ (ਅਜੀਬ)–** ਧਰਤੀ ਦੇ ਸੂਰਜ ਤੋਂ ਵੱਖ ਹੋਣ ਦੀ ਕਹਾਣੀ ਵੀ ਅਜਬ ਹੈ।
6. **ਢੇਰੀ (ਤੋਲੀਆਂ ਜਾਂ ਮਿਣੀਆਂ ਜਾਣ ਵਾਲੀਆਂ ਵਸਤਾਂ ਦਾ ਇਕੱਠ**)– ਮੈਂ ਥੋੜ੍ਹੀ ਜਿਹੀ ਮਿੱਟੀ ਪੁੱਟ ਕੇ ਢੇਰੀ ਲਾ ਦਿੱਤੀ।
7. **ਸ਼ਕਲ (ਸੂਰਤ)–** ਦੋਹਾਂ ਭਰਾਵਾਂ ਦੀ ਸ਼ਕਲ ਆਪਸ ਵਿਚ ਮਿਲਦੀ ਹੈ।
8. **ਗੈਸ (ਹਵਾ ਦੇ ਅੰਸ਼)–** ਆਕਸੀਜਨ ਇਕ ਗੈਸ ਹੈ।
9. **ਆਖ਼ਰਕਾਰ (ਅੰਤ)–** ਸੂਰਜ ਨਾਲੋਂ ਟੁੱਟੀ ਧਰਤੀ ਆਖ਼ਰਕਾਰ ਠੰਢੀ ਹੋ ਗਈ।
10. **ਲਾਟੂ (ਘੁੰਮਣ ਵਾਲਾ ਖਿਡਾਉਣਾ)–** ਧਰਤੀ ਲਾਟੂ ਵਾਂਗ ਆਪਣੇ ਧੁਰੇ ਦੁਆਲੇ ਘੁੰਮਦੀ ਹੈ।
11. **ਵਾਯੂ (ਹਵਾ)–** ਧਰਤੀ ਦੇ ਦੁਆਲੇ ਵਾਯੂ ਦਾ ਗਿਲਾਫ਼ ਚੜ੍ਹਿਆ ਹੋਇਆ ਹੈ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ (ਪੰਜਾਬੀ ਮਾਸਟਰ) 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**